# Punjab Government Gazette

*Published by Authority*

No. 34] CHANDIGARH, FRIDAY, AUGUST 21, 2026 (SRAVANA 30, 1948 SAKA)

# PART I

## Punjab Government Notifications and Orders

**ਪੰਜਾਬ ਸਰਕਾਰ**

ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ

(ਗ੍ਰਹਿ 3 ਸ਼ਾਖਾ)

**ਹੁਕਮ**

ਨੰ: **HOME-HM-30ESBM/50/2023-HOME-3/I/621143/2023**.-ਹੇਠ ਲਿਖੇ ਉਪ ਕਪਤਾਨ ਪੁਲਿਸ ਮਿਤੀ 30.06.2023 (ਬ:ਦ) ਨੂੰ 58 ਸਾਲ ਦੀ ਉਮਰ ਪੂਰੀ ਕਰਨ ਉਪਰੰਤ ਮਿਤੀ 30.06.2023 (ਬ.ਦ) ਸੇਵਾ ਨਿਵਰਿਤ ਕੀਤਾ ਜਾਂਦਾ ਹੈ।

| ਲੜੀ ਨੰ. | ਅਫਸਰ ਦਾ ਨਾਮ | ਜਨਮ ਮਿਤੀ | ਮੌਜੂਦਾ ਤਾਇਨਾਤੀ |
|---|---|---|---|
| 1. | ਸ਼੍ਰੀ ਗੋਪਾਲ ਸਿੰਘ, ਪੀ.ਪੀ.ਐਸ. ਨੰ: ਜੇ.ਆਰ.ਟੀ./100, 65/ਜੇ.ਆਰ. ਪੁੱਤਰ ਸ਼੍ਰੀ ਮੇਹਰ ਸਿੰਘ | 15.06.1965 | ਸਾਹਇਕ ਕਮਿਸ਼ਨਰ ਪੁਲਿਸ ਪੀ.ਬੀ.ਆਈ. ਕਰਾਇਮ ਵਿਰੁੱਧ ਮਹਿਲਾ ਅਤੇ ਬੱਚਿਆਂ ਲੁਧਿਆਣਾ |
| 2. | ਸ਼੍ਰੀ ਗੁਰਤੇਜ ਪੀ.ਪੀ.ਐਸ., ਨੰ: 463/ਐਫ.ਆਰ., 4/ਇੰਟੈ: ਪੁੱਤਰ ਸ਼੍ਰੀ ਲਖਵੀਰ ਸਿੰਘ, | 25.06.1965 | ਉਪ ਕਪਤਾਨ ਪੁਲਿਸ, ਪੀ.ਬੀ.ਆਈ. ਐਨ.ਡੀ.ਪੀ.ਐਸ. -ਕਮ-ਨਾਰਕੋਟਿਕਸ, ਲੁਧਿਆਣਾ (ਦਿਹਾਤੀ) |

2. ਲੜੀ ਨੰ: 01 ਤੋਂ 02 ਤੱਕ ਦਰਜ ਅਧਿਕਾਰੀਆਂ ਵਿਰੁੱਧ ਕ੍ਰਮਵਾਰ ਵਿਭਾਗੀ ਪੜਤਾਲ/ਵਿਭਾਗੀ ਮਾਮਲੇ ਲੰਬਿਤ ਹਨ।

(i) ਸ਼੍ਰੀ ਗੋਪਾਲ ਸਿੰਘ, ਪੀ.ਪੀ.ਐਸ., ਨੰ: ਜੇ.ਆਰ.ਟੀ/100, 65/ਜੇ.ਆਰ., ਡੀ.ਐਸ.ਪੀ. ਵਿਰੁੱਧ ਬਤੌਰ ਮੁੱਖ ਅਫਸਰ ਥਾਣਾ ਮੁਕੰਦਪੁਰ ਹੁੰਦੇ ਹੋਏ ਮੁਕੱਦਮਾ ਨੰ: 112 ਮਿਤੀ 28.12.2013 ਜੁਰਮ 406, 420, 409, 120-ਬੀ, ਭ.ਦ. ਥਾਣਾ ਮੁਕੰਦਪੁਰ ਦੀ ਤਫਤੀਸ਼ ਸੁਚੱਜੇ ਢੰਗ ਨਾਲ ਨਾ ਕਰਕੇ/ਕਰਵਾ ਕੇ ਅਤੇ ਪ੍ਰੋਸਿਕਿਊਸ਼ਨ ਬਰਾਂਚ ਵੱਲੋਂ ਲਗਾਏ ਇਤਰਾਜ ਜਿਨ੍ਹਾਂ ਵਿੱਚ ਸਰਕਾਰੀ ਕਰਮਚਾਰੀਆਂ ਵਿਰੁੱਧ ਪ੍ਰੋਵੈਨਸ਼ਨ ਆਫ ਕੁਰੱਪਸ਼ਨ ਐਕਟ ਤਹਿਤ ਕਾਰਵਾਈ ਕਰਨ ਦਾ ਮੁੱਖ ਇਤਰਾਜ ਸੀ ਦੀ ਪੂਰਤੀ ਨਾ ਕਰਕੇ ਸ਼੍ਰੀ ਹੰਸ ਰਾਜ, ਉਪ ਕਪਤਾਨ ਪੁਲਿਸ, ਸਬ ਡਵੀਜਨ ਬੰਗਾ ਪਾਸੋਂ ਚਲਾਣ ਫਾਰਵਰਡ ਕਰਵਾ ਕੇ ਮੁਕੱਦਮੇ ਦੇ ਦੋਸ਼ੀਆਂ ਨੂੰ ਲਾਭ ਪਹੁੰਚਾਉਣ ਅਤੇ ਥਾਣਾ ਮੁਕੰਦਪੁਰ ਦੇ ਰੋਜ਼ਨਾਮਚਾ ਮਿਤੀ 19.04.2014 ਰਪਟ ਨੰ: 24 ਵਿੱਚ ਕਟਿੰਗ ਅਤੇ ਰੋਜ਼ਨਾਮਚੇ ਵਿੱਚ

ਗਲਤ ਇੰਦਰਾਜ ਕਰਨ ਜਾਂ ਕੋਈ ਝੂਠੀ ਰਪਟ ਲਿਖ ਕੇ ਪੀ.ਪੀ.ਆਰ. ਦੇ ਫਿਕਰਾ ਨੰ: 22.50 ਦੀ ਘੋਰ ਉਲੰਘਣਾ ਕਰਨ ਦੇ ਸਬੰਧ ਵਿੱਚ 01 ਰਾਜ ਸਰਕਾਰ ਨੇ ਆਪਣੇ ਪੱਤਰ ਨੰ: 8/54/2020-2 ਗ 3/3462, ਮਿਤੀ 16.08.2021 ਰਾਹੀਂ ਅਧਿਕਾਰੀ ਵਿਰੁੱਧ ਦੋਸ਼ ਸੂਚੀ ਦੇ ਖਰੜੇ ਦੀ ਮੰਗ ਕੀਤੀ ਗਈ। ਇਹ ਪੜਤਾਲ ਸਰਕਾਰ ਦੇ ਵਿਚਾਰ ਅਧੀਨ ਹੈ। ਵਿਭਾਗੀ ਪੜਤਾਲ ਵਿੱਚ ਆਉਣ ਵਾਲੇ ਫੈਸਲੇ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇਗੀ।

(ii) ਸ੍ਰੀ ਗੁਰਤੇਜ ਸਿੰਘ, ਪੀ.ਪੀ.ਐਸ., ਨੰ. 463/ਐਫ.ਆਰ., ਡੀ.ਐਸ.ਪੀ. ਵਿਰੁੱਧ ਮੁਕੱਦਮਾ ਨੰ: 319 ਮਿਤੀ 18.12.2019 ਅ/ਧ 420/406/120-ਬੀ ਭ:ਦ ਥਾਣਾ ਫੋਕਲ ਪੁਆਇੰਟ ਲੁਧਿਆਣਾ ਦੀ ਅਸਲ ਅਖਰਾਜ ਰਿਪੋਰਟ ਗੁੰਮ ਹੋਣ ਦੇ ਸਬੰਧ ਵਿੱਚ ਰਾਜ ਸਰਕਾਰ ਵੱਲੋਂ ਪੱਤਰ ਨੰ: 8/143/2019-2 ਗਤ/4684, ਮਿਤੀ 11.12.2019 ਰਾਹੀਂ ਅਧਿਕਾਰੀ ਵਿਰੁੱਧ ਦੋਸ਼ ਸੂਚੀ ਦੇ ਖਰੜੇ ਦੇ ਮੰਗ ਕੀਤੀ ਗਈ। ਇਹ ਪੜਤਾਲ ਸਰਕਾਰ ਦੇ ਵਿਚਾਰ ਅਧੀਨ ਹੈ। ਵਿਭਾਗੀ ਪੜਤਾਲ ਵਿੱਚ ਆਉਣ ਵਾਲੇ ਫੈਸਲੇ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇਗੀ।

3. ਇਸ ਸੇਵਾ ਨਿਵਿਰਤੀ ਦਾ ਅਧਿਕਾਰੀਆਂ ਵਿਰੁੱਧ ਚੱਲ ਰਹੀਂ ਅਨੁਸ਼ਾਸ਼ਨੀ ਕਾਰਵਾਈ ਦੇ ਕੇਸ਼ ਤੇ ਕੋਈ ਅਸਰ ਨਹੀਂ ਪੇਵਗਾ। ਇੰਨ੍ਹਾਂ ਅਧਿਕਾਰੀਆਂ ਵਿਰੁੱਧ ਭਵਿੱਖ ਵਿੱਚ ਜੇਕਰ ਕੋਈ ਕਰਿਮੀਨਲ/ਸਿਵਲ ਕੋਰਟ ਕੇਸ ਜਾਂ ਅਨੁਸ਼ਾਸ਼ਨੀ ਕਾਰਵਾਈ ਕਰਨ ਬਾਰੇ ਕੋਈ ਮਾਮਲਾ ਧਿਆਨ ਵਿੱਚ ਆਉਂਦਾ ਹੈ ਤਾਂ ਉਹਨਾਂ ਵਿਰੁੱਧ ਪੰਜਾਬ ਸੀ.ਐਸ.ਆਰ ਭਾਗ-2 ਦੇ ਨਿਯਮ 2.2 ਦੇ ਉਪਬੰਧਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ ਜੇਕਰ ਅਧਿਕਾਰੀਆਂ ਵਿਰੁੱਧ ਕੋਈ ਰਿਕਵਰੀ ਕਿਸੇ ਸਟੇਜ ਤੇ ਆਉਂਦੀ ਹੈ ਤਾਂ ਉਸਦੀ ਭਰਪਾਈ ਉਨਾਂ ਦੇ ਰਿਟਾਇਰਮੈਂਟ ਲਾਭਾਂ (ਗਰੈਚੁਟੀ/ਲੀਵ ਇੰਨਕੈਸ਼ਮੈਂਟ/ਪੈਨਸ਼ਨ) ਵਿਚੋਂ ਕੀਤੀ ਜਾਵੇਗੀ।

ਗੁਰਕਿਰਤ ਕਿਰਪਾਲ ਸਿੰਘ, ਆਈ.ਏ.ਐਸ,
ਸਕੱਤਰ, ਪੰਜਾਬ ਸਰਕਾਰ,
ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ।

ਚੰਡੀਗੜ੍ਹ
ਮਿਤੀ 16 ਅਗਸਤ, 2023

*3803/8-2026/Pb. Govt. Press, S.A.S. Nagar*